# MODEL PAPER

बोर्ड ऑफ सेकंडरी एज्युकेशन राजस्थान




Download PDF

aglasem.com

# प्रश्न–पत्र ब्ल्यू प्रिन्ट

कक्षा – **12th** विषय :– पंजाबी साहित्य पूर्णांक – 80

| क्र.सं. | उद्देश्य इकाई / उप इकाई | ज्ञान | | | | | | अवबोध | | | | | | ज्ञानोपयोग / अभिव्यक्ति | | | | | | कौशल / मौलिकता | | | | | | योग |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | वस्तुनिष्ठ | रिक्त स्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | वस्तुनिष्ठ | रिक्त स्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | वस्तुनिष्ठ | रिक्त स्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | वस्तुनिष्ठ | रिक्त स्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | |
| 1 | कविता (पाठ्य पुस्तक) | 2(2) | | | | | | 2(2) | 1(1) | | 2(1) | 3*(1) | | 2(2) | 1(1) | 1(1) | 4(2) | 3*(1) | | 1(1) | | | | | | 22(15) |
| 2 | कहानी (पाठ्य पुस्तक) | 2(2) | | | | | | 1(1) | | | 2(1) | 3*(1) | | 1(1) | | | 2(1) | | | 1(1) | 1(1) | | | | | 13(9) |
| 3 | सहित रूप (पाठ्य पुस्तक) | | | | 2(1) | | | | | | | | | | | | | | 4*(1) | | | | | | | 6(2) |
| 4 | रस (पाठ्य पुस्तक) | | 1(1) | | | | | | | | 2(1) | | | | | | | | | | | | | | | 3(2) |
| 5 | सहित वा इतिहास (पाठ्य पुस्तक) | | | | 2(1) | | | | | | | | 4*(1) | | | | | | | | | | | | | 6(2) |
| 6 | व्याकरण | | 2(2) | 1(1) | | | | | | 2(2) | | | | | | 3(3) | | | | | | 5(5) | | | | 13(13) |
| 7 | कहानी रचना | | | | | | | | | | | | | | | | | 3*(1) | | | | | | | | 3(1) |
| 8 | निबंध रचना | | | | | | | | | | | | | | | | | | 4*(1) | | | | | | | 4(1) |
| 9 | अपठित गद्यांश | | | | 2(1) | | | | | | 4(2) | | | | | | | | | | | | 4(2) | | | 10(5) |
| | | | | | | | | | | | | | | | | | | | | | | | | | | |
| | योग | 4(4) | 3(3) | 1(1) | 6(3) | | | 3(3) | 1(1) | 2(2) | 10(5) | 6(2) | 4(1) | 3(3) | 1(1) | 4(4) | 6(3) | 6(2) | 8(2) | 2(2) | 1(1) | 5(5) | 4(2) | | | 80(50) |
| | महायोग | 14(11) | | | | | | 26(14) | | | | | | 28(15) | | | | | | 12(10) | | | | | | |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |

विकल्पों की योजना :– खण्ड 'स' एवं 'द' में प्रत्येक में एक आंतरिक विकल्प है नोट:– कोष्ठक के बाहर की संख्या 'अंकों' की तथा अंदर की संख्या 'प्रश्नों' के द्योतक है।

हस्ताक्षर

schools.aglasem.com

aglasem.com

**ਮਾਡਲ ਪ੍ਰਸ਼ਨ-ਪੱਤਰ**
**ਸੀਨੀਅਰ ਸੈਕੰਡਰੀ ਪ੍ਰੀਖਿਆ-2024**
**ਵਿਸ਼ਾ- ਪੰਜਾਬੀ ਸਾਹਿਤ**

**ਪ੍ਰੀਖਿਆਰਥੀ ਲਈ ਆਮ ਹਦਾਇਤਾਂ:-**

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ ।
2. ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ । ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਿਤ ਹਨ । ਪ੍ਰਸ਼ਨ ਨੰ.17 ਤੋਂ 23 ਤੱਕ ਆਂਤਰਿਕ ਵਿਕਲਪ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ'ਤੇ ਹੀ ਲਿਖੋ। ਜਿੰਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ,ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

## ਖੰਡ-ੳ

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪਾਂ ਦੀ ਚੋਣ ਕਰੋ:- 12×1=12**

(i) 'ਅਰਸ਼ੀ ਦੀਵਾਲੀ' ਕਵਿਤਾ ਦਾ ਕਵੀ ਹੈ-

(ੳ) ਧਨੀ ਰਾਮ ਚਾਤ੍ਰਿਕ (ਅ) ਬਾਬੂ ਫਿਰੋਜ਼ਦੀਨ ਸ਼ਰਫ਼
(ੲ) ਭਾਈ ਵੀਰ ਸਿੰਘ (ਸ) ਸੰਤ ਰਾਮ ਉਦਾਸੀ

(ii) "ਹਾਲੇ ਵੀ ਦਿਲ ਤੜਪਦਾ, ਮਿਲਿਆ ਨਹੀਂ ਕਰਾਰ।
ਸਿਵਿਆਂ ਵਾਲੀ ਰਾਖ ਵੀ, ਹੋ ਗਈ ਠੰਡੀ ਠਾਰ।"- ਇਹ ਸਤਰਾਂ ਕਿਸ ਕਵੀ ਦੀਆਂ ਹਨ-

(ੳ) ਤ੍ਰੈਲੋਚਨ ਲੋਚੀ (ਅ) ਡਾ. ਜਗਤਾਰ
(ੲ) ਡਾ. ਪਾਲ ਕੌਰ (ਸ) ਪਾਸ਼

(iii) "ਬੀਜ ਬੀਜਣ, ਇਹ ਹਲ ਚਲਾਣ,
ਘਾਲਾਂ ਘਾਲਣ ਪੂਰੀਆਂ।" – ਇਹਨਾਂ ਸਤਰਾਂ ਵਿੱਚ ਆਏ 'ਘਾਲਾਂ ਘਾਲਣ' ਸ਼ਬਦ ਦਾ ਅਰਥ ਹੈ-

(ੳ) ਤਰੱਕੀ ਕਰਨਾ (ਅ) ਸਫ਼ਲ ਹੋਣਾ
(ੲ) ਜਿੱਤ ਜਾਣਾ (ਸ) ਮਿਹਨਤ ਕਰਨਾ

(iv) ਡਾ. ਜਗਤਾਰ ਦੀ ਗ਼ਜ਼ਲ ਹੈ-

(ੳ) ਜ਼ਾਬਤਿਆਂ ਦੀ ਇਹ ਗਲਵੱਕੜੀ (ਅ) ਹੋਰਾਂ ਵਾਂਗੂੰ
(ੲ) ਹਰ ਮੋੜ ਤੇ ਸਲੀਬਾਂ (ਸ) ਔੜ ਏਦਾਂ ਹੀ

(v) "ਜੱਟੀ ਘੁਰਕੇ ਜੱਟ ਨੂੰ, (ਹੈ ਹੈ) ਪਿਆ ਕਿਧਰ ਦਾ ਲੋੜ੍ਹ?



schools.aglasem.com
aglasem.com

ਖੱਟੀ ਸਾਰੇ ਸਮੇਂ ਦੀ, ਕਿੱਥੇ ਆਇਓਂ ਰੋੜ੍ਹ।"- ਇਹ ਸਤਰਾਂ ਕਿਸ ਕਵਿਤਾ ਦੀਆਂ ਹਨ-

(ੳ) ਇਨਸਾਨਸਤਾਨ (ਅ) ਵਿਸਾਖੀ ਦਾ ਮੇਲਾ
(ੲ) ਹਲ ਵਾਹੁਣ ਵਾਲੇ (ਸ) ਗ਼ਰੀਬ ਕਿਰਸਾਣ

(vi) "ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿੱਚੋਂ ਨਿਕਲੇਂ, ਤੂੰ ਸੋਨੇ ਦਾ ਪਟੋਲਾ ਬਣ ਕੇ" ਇਹਨਾਂ ਸਤਰਾਂ ਵਿੱਚ ਕਵੀ ਕਿਹੜੇ ਅਨਾਜ ਦਾ ਜ਼ਿਕਰ ਕਰ ਰਿਹਾ ਹੈ-
(ੳ) ਜੌਂ (ਅ) ਮੱਕੀ
(ੲ) ਝੋਨਾ (ਸ) ਕਣਕ

(vii) 'ਆਪਣੀ ਜਾਚੇ'(ਗ਼ਜ਼ਲ) ਦੇ ਕਵੀ ਅਨੁਸਾਰ ਸਬਰ ਦਾ ਪਿਆਲਾ ਕਿਵੇਂ ਭਰ ਜਾਂਦਾ ਹੈ-

(ੳ) ਲੜਾਈ ਲੜ-ਲੜ ਕੇ (ਅ) ਮਸ਼ੱਕਤ ਕਰ-ਕਰ ਕੇ
(ੲ) ਜਬਰ ਜਰਦਿਆਂ-ਜਰਦਿਆਂ (ਸ) ਵਾਰ-ਵਾਰ ਹਾਰ ਕੇ

(viii) "ਭਲਾ ਹੋਇਆ ਮੇਰਾ ਚਰਖਾ ਟੁੱਟਾ, ਜ਼ਿੰਦ ਅਜ਼ਾਬੋਂ ਛੁੱਟੀ" ਇਹ ਸ਼ਬਦ ਕਿਹੜੇ ਪਾਤਰ ਦੇ ਬੋਲੇ ਹੋਏ ਹਨ-
(ੳ) ਭੂਆ ਦੇ (ਅ) ਮੈਂ ਪਾਤਰ ਦੀ ਭਰਜਾਈ ਦੇ
(ੲ) ਮੈਂ ਪਾਤਰ ਦੇ (ਸ) ਭੂਆ ਦੀ ਗੁਆਂਢਣ ਦੇ

(ix) 'ਆਪਣਾ ਆਪਣਾ ਹਿੱਸਾ'ਕਹਾਣੀ ਦਾ ਮੁੱਖ ਪਾਤਰ ਹੈ-
(ੳ) ਮਦਨ (ਅ) ਬਾਰੂ
(ੲ) ਗੁਰਬੰਤਾ (ਸ) ਘੁੱਦੂ

(x) 'ਅਮਨਪਾਲ ਸਾਰਾ' ਦੀ ਕਹਾਣੀ ਹੈ-

(ੳ) ਗੁੱਡ ਡੀਅਲ (ਅ) ਪੰਜ ਡਾਲਰ ਦਾ ਨੋਟ
(ੲ) ਘੜੀ ਤਾਂ ਖਰਾਬ ਹੋ-ਗੀ! (ਸ) ਮੈਨੂੰ ਜਾਣਨੈ?

(xi) "ਐਡਾ ਕਿਹੜਾ ਜਿਊਣਾ ਮੌੜ ਐ ਲੰਬੜਾਂ 'ਚੋਂ, ਬਈ ਬਦਲਾ ਲਊ। ਉਹ ਤਾ ਕੇਸ ਵੀ ਤੱਤੇ ਘਾਅ ਕਰਗੇ। ਐਥੀ ਦਖਾ ਦੂ ਤੈਨੂੰ ਮਿਣ-ਮਿਣ ਕਰਦਿਆਂ ਨੂੰ।" -ਇਹ ਵਾਕ ਕਿਹੜੀ ਕਹਾਣੀ ਦੇ ਹਨ-
(ੳ) ਆਤੂ ਖੋਜੀ (ਅ) ਮੋਹ-ਪਾਸ਼
(ੲ) ਮੈਨੂੰ ਜਾਣਨੈ? (ਸ) ਹਵਾ

(xii) 'ਸ਼ਹੀਦ ਦੀ ਮਾਂ' ਕਹਾਣੀ ਦੇ ਕਹਾਣੀਕਾਰ ਹਨ-



schools.aglasem.com
aglasem.com

(ੳ) ਨਾਨਕ ਸਿੰਘ (ਅ) ਹਰਪਾਲ ਸਿੰਘ ਲੱਖੀਆਂ

(ੲ) ਸੰਤ ਸਿੰਘ ਸੇਖੋਂ (ਸ) ਗੁਰਮੀਤ ਕੜਿਆਲਵੀ

**2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ:-** **6×1=6**

(i) ਗਰਦਨ ਸਿੱਧੀ ਰੱਖਣ ਦਾ ਮੁੱਲ.........................,
ਬੇਸ਼ਰਮਾਂ ਦਾ ਨੀਵੀਂ ਪਾ ਕੇ.....................................।

(ii) ............................ਆਪ ਪਾਉਣਾ ਲੋਕਾਂ ਨੇ,
.....................................ਬਣਾਉਣਾ ਲੋਕਾਂ ਨੇ ।

(iii) ਬਾਰੂ ਤਾਂਗੇ ਵਾਲੇ ਨੇ ਹੋਕਾ ਦਿੱਤਾ, "ਜਾਂਦਾ ਕੋਈ.........................ਓ ।"

(iv) ਆਪਣੇ ਪੈਰੀਂ ..............................ਮਾਰਨਾ।

(v) ਕਲ੍ਹਾ ਕਲੰਦਰ...........,..........ਪਾਣੀ ਨੱਸੇ।

(vi) ਕਰੁਣਾ ਰਸ ਦਾ ਸਥਾਈ ਭਾਵ ......................ਹੈ।

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **12×1=12**

(i) 'ਸਮਾਂ' ਕਵਿਤਾ ਸਾਨੂੰ ਕੀ ਸੁਨੇਹਾ ਦਿੰਦੀ ਹੈ?

(ii) 'ਘਿਓ ਦੇ ਦੀਵੇ ਬਾਲਣੇ' ਮੁਹਾਵਰੇ ਦਾ ਵਾਕ ਬਣਾ ਕੇ ਅਰਥ ਸਪਸ਼ਟ ਕਰੋ।

(iii) 'ਜੋ ਸੁਖ ਛੱਜੂ ਦੇ ਚੁਬਾਰੇ, ਸੋ ਬਲਖ ਨਾ ਬੁਖਾਰੇ' ਅਖਾਣ ਦਾ ਅਰਥ ਲਿਖੋ।

**(iv-vi) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ:-**

(iv) ਉਹ ਬੋਲਿਆ ਨਾ ਇਹ ਤਾਂ ਹੋਈ ਨਾ ਵਿਹਾਰੀ ਗੱਲ ਦੱਸ ਕੀ ਕਿਰਾਇਆ ਦੇਵੇਂਗਾ

(v) ਹੈਂ ਮਹਿਤਾਬ ਵੀ ਫੇਲ੍ਹ ਹੋ ਗਿਆ

(vi) ਸੰਤ ਸਿੰਘ ਸੇਖੋਂ ਦਾ ਨਾਟਕ ਕਲਾਕਾਰ ਬਹੁਤ ਪ੍ਰਸਿੱਧ ਹੋਇਆ

**(vii-xii) ਵਾਕ ਬੋਧ :-**

(vii) ਹਿਰਨ ਖੇਤ ਵਿੱਚ ਚਰ ਰਹੇ ਹਨ। (ਵਾਕ ਵਿੱਚੋਂ ਵਿਧੇਅ ਚੁਣੋ ।)

(viii) ਵਿਦਿਆਰਥੀ ਪੜ੍ਹ ਰਹੇ ਹਨ। (ਵਾਕ ਵਿੱਚੋਂ ਕਿਰਿਆ ਚੁਣੋ ।)

(ix) ਕੁਝ ਖਿਡਾਰੀ ਅਜਿਹੇ ਵੀ ਹੁੰਦੇ ਹਨ ਜਿਹੜੇ ਆਪਣੇ ਕੋਚ ਦਾ ਨਾਂ ਰੁਸ਼ਨਾਂ ਦਿੰਦੇ ਹਨ। (ਬਣਤਰ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ ।)

(x) ਇੰਨੀ ਗਰਮੀ ਵਿੱਚ ਨੰਗੇ ਪੈਰ ਨਾ ਤੁਰੋ। (ਕਾਰਜ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ ।)

(xi) ਉਹ ਲੜਕਾ ਅਤਿ ਖੁਸ਼ ਹੈ ਕਿਉਂਕਿ ਉਸ ਨੂੰ ਮਿਹਨਤ ਦਾ ਫ਼ਲ ਮਿਲ ਗਿਆ ਹੈ। (ਵਾਕ ਵਿੱਚੋਂ ਅਧੀਨ ਉਪਵਾਕ ਚੁਣ ਕੇ ਲਿਖੋ ।)

(xii) ਸਾਨੂੰ ਗ਼ਰੀਬਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।(ਵਾਕ ਵਿੱਚੋਂ ਕਰਮ ਚੁਣ ਕੇ ਲਿਖੋ ।)



schools.aglasem.com
aglasem.com

## ਖੰਡ-ੳ

**(4-8) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-** **5×2=10**

ਰੁੱਖ ਸਾਡੇ ਜੀਵਨ ਦਾ ਅਨਮੋਲ ਧਨ ਹੈ। ਇਹ ਕੁਦਰਤ ਵੱਲੋਂ ਮਿਲਿਆ ਬਹੁਮੁੱਲਾ ਤੋਹਫ਼ਾ ਹੈ। ਇਨ੍ਹਾਂ ਨਾਲ ਜੰਗਲ ਮੌਲਦਾ ਹੈ, ਕੁਦਰਤ ਧੜਕਦੀ ਹੈ, ਵਾਤਾਵਰਨ ਰਮਣੀਕ ਹੁੰਦਾ ਹੈ। ਵੇਲਾਂ, ਬੂਟਿਆਂ ਰਾਹੀਂ ਬਾਤਾਂ ਪਾਉਂਦੀਆਂ ਹਨ, ਰੁੱਖ ਝੂਮਦੇ ਹਨ, ਹਵਾ ਸਰਗੋਸ਼ੀਆਂ ਕਰਦੀ ਹੈ, ਠੰਡੀਆਂ-ਮਿੱਠੀਆਂ ਪੌਣਾ ਵਾਤਾਵਰਨ ਵਿੱਚ ਸੁਗੰਧੀਆਂ ਘੋਲਦੀਆਂ ਹਨ ਤੇ ਚੁਫ਼ੇਰੇ ਹਰਿਆਵਲ ਲੋਰੀਆਂ ਦਿੰਦੀ ਹੈ। ਧੰਨ ਹੈ-'ਰੁੱਖ ਦਾ ਜੇਰਾ', ਜੋ ਬਿਨਾਂ ਕਿਸੇ ਭੇਦ-ਭਾਵ ਦੇ ਸਭ ਲਈ ਬਾਹਾਂ ਪਸਾਰ ਕੇ ਖੜ੍ਹੇ ਹਨ। ਆਪ ਗਰਮੀ-ਸਰਦੀ, ਮੀਂਹ-ਧੁੱਪ ਆਦਿ ਸਹਾਰ ਕੇ ਸਭ ਨੂੰ ਛਾਂ, ਆਸਰਾ, ਫੁੱਲ ਤੇ ਫਲ ਦਿੰਦੇ ਹਨ। ਰੁੱਖਾਂ ਦੀ ਛਾਂ, ਰੁੱਖਾਂ ਦੀ ਥਾਂ ਸਭ ਨਿਰਮਲ ਹੈ, ਪਵਿੱਤਰ ਹੈ। ਰੁੱਖਾਂ ਦੀ ਅਜਿਹੀ ਸਹਿਣਸ਼ੀਲਤਾ ਨੂੰ ਵੇਖ ਕੇ ਹੀ ਬਾਬਾ ਫ਼ਰੀਦ ਜੀ ਨੇ ਕਿਹਾ ਹੈ:

ਫਰੀਦਾ ਦਰਵੇਸਾਂ ਨੋ ਲੋੜੀਐ
ਰੁੱਖਾਂ ਦੀ ਜੀਰਾਂਦ॥

4. ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।
5. ਰੁੱਖ ਵਾਤਾਵਰਨ ਤੇ ਕੀ ਪ੍ਰਭਾਵ ਪਾਉਂਦੇ ਹਨ?
6. ਰੁੱਖਾਂ ਦੀ ਸਹਿਣਸ਼ੀਲਤਾ ਬਾਰੇ ਬਾਬਾ ਫਰੀਦ ਜੀ ਨੇ ਕੀ ਕਿਹਾ ਹੈ?
7. ਗਰਮੀ-ਸਰਦੀ, ਮੀਂਹ-ਧੁੱਪ ਆਦਿ ਸਹਾਰਦੇ ਹੋਏ ਰੁੱਖ ਸਾਡੀ ਕੀ ਸੇਵਾ ਕਰਦੇ ਹਨ?
8. ਔਖੇ ਸ਼ਬਦਾਂ ਦੇ ਅਰਥ ਲਿਖੋ:-
   ਵਾਤਾਵਰਨ, ਸੁਗੰਧੀਆਂ, ਤੋਹਫ਼ਾ, ਪੌਣਾਂ।

**(9-16) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **8×2=16**

9. 'ਖ਼ਨਗਾਹੀਂ ਦੀਵਾ ਬਾਲਦੀਏ' ਕਵਿਤਾ ਦਾ ਕਵੀ ਕਿਸ ਬਾਝੋਂ ਭਟਕ ਰਿਹਾ ਹੈ ?
10. 'ਧਰਤੀ ਦੇ ਬੋਲ' ਕਵਿਤਾ ਵਿੱਚ ਧਰਤੀ ਰਾਹੀ ਨੂੰ ਕੀ ਕਰਨ ਲਈ ਕਹਿੰਦੀ ਹੈ ?
11. ਰੁੱਖ, ਪਹਾੜ, ਸਮੁੰਦਰ ਤੇ ਬੱਦਲ ਕਿਉਂ ਰੁੱਸ ਬੈਠੇ ਹਨ ?
12. 'ਮੈਨੂੰ ਜਾਣਨੈ?' ਕਹਾਣੀ ਦਾ ਪਾਤਰ ਰਿਕਸ਼ਾ ਵਾਹੁਣ ਵਾਲਾ ਕਿਸ ਥਾਂ ਅਤੇ ਕਿਹੜੇ ਦੇਸ਼ ਤੋਂ ਆਇਆ ਹੈ ?
13. ਮਦਨ ਦੇ ਮੁੰਡੇ ਦੀ ਮੌਤ ਕਿਵੇਂ ਹੁੰਦੀ ਹੈ ?
14. 'ਨਾਟਕ' ਦੇ ਮੁੱਖ ਤੱਤ ਦੱਸੋ।
15. ਬੀਰ ਰਸ ਦੀ ਉਦਾਹਰਨ ਲਿਖੋ।
16. 'ਪ੍ਰਗਤੀਵਾਦੀ ਕਾਵਿ ਪ੍ਰਵਿਰਤੀ' ਦੇ ਪ੍ਰਮੁੱਖ ਕਵੀਆਂ ਦੇ ਨਾਂ ਲਿਖੋ।



schools.aglasem.com
aglasem.com

## ਖੰਡ-ੲ

**(17-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **4×3=12**

17. ਖਲੋਅ ਗਿਆ ਦੇ ਭਾਦਰੋਂ ਅੜ ਕੇ
ਚੜ੍ਹੀ ਏ ਗਹਿਰ ਚੌਫੇਰੇ
ਨਾ ਬਣਦੇ, ਨਾ ਬਰਸਦੇ ਬੱਦਲ
ਵਿਗੜ ਗਿਆ ਏ ਮਿਜ਼ਾਜ਼
ਅੰਦਰ-ਬਾਹਰ ਔੜ ਹੀ ਔੜ।

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
(ਅ) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
(ੲ) ਔਖੇ ਸ਼ਬਦਾਂ ਦੇ ਅਰਥ ਲਿਖੋ:-
ਭਾਦਰੋਂ, ਮਿਜ਼ਾਜ਼, ਚੌਫੇਰੇ, ਔੜ ।

**ਜਾਂ**

ਸਾਡਾ ਘੁੱਟੀ ਘੁੱਟੀ ਖ਼ੂਨ ਤੇਲ ਪੀ ਗਿਆ,
ਤੇ ਖਾਦ ਖਾ ਗੀ ਹੱਡ ਖਾਰ ਕੇ।
ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ,
ਬੋਹਲ ਨੂੰ ਖੰਘੂਰਾ ਮਾਰ ਕੇ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,
ਕਿ ਸਧਰਾਂ ਨੂੰ ਲਾਂਬੂ ਲੱਗਿਆ।

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ -ਬੰਦ ਦੀ ਸਰਲ ਵਿਆਖਿਆ ਕਰੋ।
(ੲ) ਔਖੇ ਸ਼ਬਦਾਂ ਦੇ ਅਰਥ ਲਿਖੋ:
ਤਕਾਵੀ, ਬੋਹਲ, ਸੱਧਰਾਂ, ਲਾਂਬੂ ।

18. 'ਔੜ ਏਦਾਂ ਹੀ(ਗ਼ਜ਼ਲ)' ਦਾ ਸਾਰ ਲਿਖੋ ।

**ਜਾਂ**

'ਨਿ:ਸ਼ਬਦ' ਕਵਿਤਾ ਕਿਹੜੇ ਭਾਵਾਂ ਦਾ ਸੰਚਾਰ ਕਰਦੀ ਹੈ? ਵਿਸਥਾਰ ਪੂਰਵਕ ਲਿਖੋ ।



schools.aglasem.com
aglasem.com

19. 'ਆਤੂ ਖੋਜੀ' ਕਹਾਣੀ ਦਾ ਸੰਖੇਪ ਸਾਰ ਲਿਖੋ ।

**ਜਾਂ**

'ਬਾਰੂ' **ਜਾਂ** 'ਜੈਮਲ ਸਿਓ' ਦੀ ਪਾਤਰ ਉਸਾਰੀ ਕਰੋ ।

20. ਕਿਸੇ ਇਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ ।

ਬੁਰੀ ਸੰਗਤ ਦਾ ਫਲ

**ਜਾਂ**

ਏਕੇ 'ਚ ਬਰਕਤ

**ਜਾਂ**

ਕਰ ਮਜੂਰੀ ਖਾਹ ਚੂਰੀ

## ਖੰਡ-ਸ

**(21-23) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **3×4=12**

21. ਕਿਸੇ ਇਕ ਵਿਸ਼ੇ ਉੱਪਰ ਲੇਖ ਰਚਨਾ ਕਰੋ:-

ਸ਼ਹੀਦ ਭਗਤ ਸਿੰਘ

**ਜਾਂ**

ਦਿਨੋਂ-ਦਿਨ ਵਧ ਰਹੀ ਮਹਿੰਗਾਈ

**ਜਾਂ**

ਵਿਗਿਆਨ ਦੇ ਚਮਤਕਾਰ

**ਜਾਂ**

ਚੋਣਾਂ ਦਾ ਦ੍ਰਿਸ਼

22. ਕਿਸੇ ਇਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਣਨ ਕਰੋ:-

ਕਵਿਤਾ **ਜਾਂ** ਇਕਾਂਗੀ

23. ਕਿਸੇ ਇਕ ਦਾ ਸੰਖੇਪ ਇਤਿਹਾਸ ਲਿਖੋ:-

ਰੇਖਾ ਚਿੱਤਰ **ਜਾਂ** ਨਿੱਕੀ ਕਹਾਣੀ

**-0-**



schools.aglasem.com
aglasem.com